This question paper contains 3 printed pages]

*Your Roll No*................

**295**

**B.A. (PROGRAMME)/I** **J**

**(A)**

PUNJABI DISCIPLINE—Paper I

**(Compulsory)**

(Essay, Novel and Functional. Punjabi etc.)

(Admissions of 2004/2006 and after in respect of the students of regular colleges/NCWEB)

*Time* : 3 *Hours* *Maximum Marks* : 75

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*(Write your Roll No. on the top immediately on receipt of this question paper.)*

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. 'ਪਵਿੱਤਰ ਪਾਪੀ' ਨਾਵਲ ਕਿਸ ਉਦੇਸ਼ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ ? ਕੀ ਨਾਨਕ ਸਿੰਘ ਆਪਣੇ ਇਸ ਉਦੇਸ਼ ਵਿਚ ਸਫਲ ਰਿਹਾ ਹੈ ?

ਜਾਂ

'ਪਵਿੱਤਰ ਪਾਪੀ' ਦੀ ਕਹਾਣੀ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 15

2. ਨਿਮਨ ਲਿਖਤ ਵਿਚੋਂ ਕਿਸੇ **ਇਕ** ਨਿਬੰਧ ਵਿਚਲੇ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ :

ਵੈਦਿਕ ਜਾਂ ਅਵੈਦਿਕ ਵਿਚਾਰਧਾਰਾ, ਧਰਮ ਅਤੇ ਲੋਕਧਾਰਾ, ਸਦਾਚਾਰ ਦੇ ਮੱਤ । 15

3. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ ਉੱਪਰ ਪੈਰਾ ਲਿਖੋ :

(*i*) ਸਹਿਯੋਗ;

(*ii*) ਪਰਿਵਾਰਕ ਰਿਸ਼ਤੇ;

(*iii*) ਸਾਡਾ ਸ਼ਹਿਰ । 10

4. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਨਿਮਨ ਲਿਖਤ ਪ੍ਰਸ਼ਨਾਂ ਦੇ ਉਤੱਰ ਦਿਉ :

ਅਧਿਆਪਕ ਆਮ ਇਨਸਾਨ ਹੁੰਦੇ ਹੋਏ ਵੀ ਵੱਖ ਸ਼ਖਸੀਅਤ ਦਾ ਮਾਲਕ ਹੁੰਦਾ ਹੈ । ਉਹ ਪੜ੍ਹਿਆ ਲਿਖਿਆ, ਸਮਾਜ ਦੇ ਹੋਰਨਾਂ ਲੋਕਾਂ ਨਾਲੋਂ ਰਤਾ ਵੱਧ ਸਿਆਣਾ, ਸਾਦਾ, ਸਾਫ਼-ਸਪਸ਼ਟ ਤੇ ਇਮਾਨਦਾਰ ਇਨਸਾਨ ਹੁੰਦਾ ਹੈ । ਉਹ ਜ਼ੁਬਾਨ ਦਾ ਮਿੱਠਾ, ਵਚਨ ਦਾ ਪੱਕਾ ਤੇ ਇਰਾਦੇ ਦਾ ਮਜ਼ਬੂਤ ਹੁੰਦਾ ਹੈ । ਉਹ ਜਾਣਦਾ ਹੈ ਕਿ ਸਮਾਜ ਇਸ ਤੋਂ ਵੱਧ ਉਸ ਨੂੰ ਕੀ ਇੱਜ਼ਤ ਦੇ ਸਦਕਾ ਹੈ ਜਦੋਂ ਉਹ ਆਪਣੇ ਭੋਲੇ ਭਾਲੇ, ਨਿੱਕੇ ਨਿੱਕੇ, ਅੱਖਾਂ ਦੇ ਨੂਰ ਜਿਗਰ ਦੇ ਟੁੱਕੜਿਆਂ ਅਰਥਾਤ ਬੱਚਿਆਂ ਨੂੰ ਉਸਦੇ ਸਪੁਰਦ ਕਰਕੇ ਬਿਲਕੁਲ ਬੇਫਿਕਰ ਹੋ ਜਾਂਦਾ ਹੈ । ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਮਾਜ ਉਸ ਉੱਤੇ ਯਕੀਨ ਰੱਖਦਾ ਹੈ, ਉਸ ਉੱਤੇ ਭਰੋਸਾ ਕਰਦਾ ਹੈ ਕਿ ਜੋ ਵੀ ਉਹ ਬੱਚਿਆਂ ਨੂੰ ਦੱਸੇਗਾ, ਜਿਹੜੀਆਂ ਵੀ ਆਦਤਾਂ ਉਨ੍ਹਾਂ ਵਿਚ ਪਾਵੇਗਾ, ਉਹ ਬੱਚਿਆਂ ਅਤੇ ਮਾਪਿਆਂ ਦੋਹਾਂ ਵਾਸਤੇ ਲਾਭਦਾਇਕ ਹੋਣਗੀਆਂ । ਮਾਪੇ ਜਾਣਦੇ ਹਨ ਕਿ ਅਧਿਆਪਕ ਦੇ ਹੁੰਦਿਆਂ ਬੱਚਿਆਂ ਨੂੰ ਕੋਈ ਖਤਰਾਂ ਨਹੀਂ, ਡਰ ਨਹੀਂ, ਚਿੰਤਾ ਨਹੀਂ । ਅਧਿਆਪਕ ਬੱਚਿਆਂ ਦਾ ਰਾਖਾ ਵੀ ਹੈ ਤੇ ਰਹਿਬਰ ਵੀ ਹੈ । ਕੋਈ ਵੀ ਬੰਦਾਂ ਕੌਮ ਨੂੰ, ਉਸਦੇ ਬੱਚਿਆਂ ਨੂੰ ਸਿੱਖਿਆ ਦੇਣ, ਉਨ੍ਹਾਂ ਵਿਚ ਚੰਗੇ, ਇੱਜ਼ਤਦਾਰ, ਜ਼ੁੰਮੇਵਾਰ ਪੜ੍ਹੇ ਲਿਖੇ, ਸੁਤੰਤਰਤਾ ਅਤੇ ਪਰਜਾਤੰਤਰ ਦੇ ਉੱਚੇ ਆਦਰਸ਼ਾਂ ਵਾਲੇ ਸ਼ਹਿਰੀ ਗੁਣ ਪੈਦਾ ਕਰਨ ਤੋਂ ਚੰਗੇਰੀ ਚੀਜ਼ ਕੀ ਦੇ ਸਕਦਾ ਹੈ । ਕਿੱਡਾ ਮਹਾਨ ਅਤੇ ਮਹੱਤਵਪੂਰਣ ਕੰਮ ਹੈ ਜੋ ਅਧਿਆਪਕ ਕਰਦਾ ਹੈ । ਕੰਮ ਦੇ ਮਹੱਤਵ ਦਾ ਅਹਿਸਾਸ ਹੀ ਅਧਿਆਪਕ ਨੂੰ ਵੱਧ ਤੋਂ ਵੱਧ ਜਾਣਕਾਰੀ

ਪ੍ਰਾਪਤ ਕਰਨ ਦੀ ਤੇ ਬੱਚਿਆਂ ਦੇ ਸਾਹਮਣੇ ਆਪਣੀ ਮਿਸਾਲ ਚੰਗੇ ਆਦਰਸ਼ ਇਨਸਾਨ ਦੇ ਰੂਪ ਵਿਚ ਰੱਖਣ ਦੀ ਪ੍ਰੇਰਣਾ ਦਿੰਦਾ ਹੈ। ਇਸ ਲਈ ਅਧਿਆਪਕ ਉਹ ਇਨਸਾਨ ਹੈ ਜੋ ਜ਼ਿੰਦਗੀ ਭਰ ਪੜ੍ਹਦਾ ਰਹਿੰਦਾ ਹੈ।

ਪ੍ਰਸ਼ਨ :

(*i*) ਇਸ ਪੈਰੇ ਦਾ ਸਿਰਲੇਖ ਲਿਖੋ।

(*ii*) ਅਧਿਆਪਕ ਕਿਸ ਤਰ੍ਹਾਂ ਦਾ ਇਨਸਾਨ ਹੁੰਦਾ ਹੈ ?

(*iii*) ਅਧਿਆਪਕ ਨੂੰ ਕਿਸ ਗਲ ਦਾ ਅਹਿਸਾਸ ਹੈ ?

(*iv*) ਮਾਪੇ ਕਿਹੜੀ ਚੰਗੇਰੀ ਚੀਜ਼ ਬਾਰੇ ਜਾਣਦੇ ਹਨ ?

(*v*) ਅਧਿਆਪਕ ਜ਼ਿੰਦਗੀ ਭਰ ਕੀ ਕਰਦਾ ਹੈ ? 10

5. ਨਿਮਨ ਲਿਖਤ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਉੱਤਰ ਲਿਖੋ :

(*i*) ਸ਼ਬਦ ਬਣਤਰ ਅਤੇ ਸ਼ਬਦ ਰਚਨਾ ਦੇ ਮੁੱਢਲੇ ਸੰਕਲਪਾਂ ਨਾਲ ਪਛਾਣ ਕਰਾਉ।

(*ii*) ਪੰਜਾਬੀ ਦੀ ਧੁਨੀ ਵਿਉਂਤ ਬਾਰੇ ਜਾਣਕਾਰੀ ਦਿਉ।

(*iii*) ਵਾਕ ਦੀ ਬਣਤਰ ਸੰਬੰਧੀ ਜਾਣਕਾਰੀ ਭਰਪੂਰ ਨੋਟ ਲਿਖੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਵਿਚ ਲਿਖੋ : 15

(*i*) 'ਪੱਤਰਕਾਰੀ' ਦੇ ਕਿੰਨੇ ਪ੍ਰਕਾਰ ਹਨ ? ਸੰਖੇਪ ਵਿਚ ਲਿਖੋ।

(*ii*) 'ਮਜ਼੍ਹਬ' ਨਿਬੰਧ ਦਾ ਵਿਸ਼ਾ ਕੀ ਹੈ ?

(*iii*) 'ਸਿਨੇਮਾ ਅਤੇ ਸਟੇਜ' ਵਿਚਕਾਰ ਕਿਹੜੇ ਪ੍ਰਮੁੱਖ ਅੰਤਰ ਹਨ ?

(*iv*) 'ਪਵਿੱਤਰ ਪਾਪੀ' ਵਿਚ 'ਕਿਦਾਰ' ਦਾ ਚਰਿੱਤਰ ਕਿਸ ਤਰ੍ਹਾਂ ਦਾ ਪੇਸ਼ ਕੀਤਾ ਗਿਆ ਹੈ ?

(*v*) 'ਪਵਿੱਤਰ ਪਾਪੀ'-ਨਾਵਲ ਦੀ ਕੇਂਦਰੀ ਸਮੱਸਿਆ ਕੀ ਹੈ ?